**ਅਨੁਪੂਰਕ ਸੂਚੀ**

# ਪੰਜਾਬ ਵਿਧਾਨ ਸਭਾ ਸਕੱਤਰੇਤ

ਬੁੱਧਵਾਰ, ਮਿਤੀ 29 ਨਵੰਬਰ, 2023

ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ
(ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿਚ ਤਬਦੀਲ ਕੀਤੇ ਗਏ)
ਪ੍ਰਸ਼ਨਾਂ ਦੀ ਸੂਚੀ

---

**ਢੋਂਗੀ ਬਾਬਿਆਂ, ਤਾਂਤਰਿਕਾਂ ਅਤੇ ਪੁੱਛਾ ਦੇਣ ਵਾਲਿਆ ਆਦਿ ਵੱਲੋਂ ਪੰਜਾਬ ਦੇ ਲੋਕਾਂ ਦੇ ਹੋ ਰਹੇ ਸੋਸ਼ਣ ਸਬੰਧੀ**

***905. (ਸੀ.ਯੂ.) ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਵਹਿਮਾਂ, ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ ਵਾਲੇ ਢੋਂਗੀ ਬਾਬਿਆਂ, ਤਾਂਤਰਿਕਾਂ, ਚੌਂਕੀਆਂ ਲਗਾਉਣ ਵਾਲਿਆ, ਪੁੱਛਾ ਦੇਣ ਵਾਲਿਆ, ਅਖੌਤੀ ਭਵਿੱਖ ਵਾਣੀਆਂ ਕਰਨ ਵਾਲੇ ਜ਼ੋਤਸ਼ੀਆਂ ਤੇ ਕਾਬੂ ਪਾਉਣ ਲਈ ਸਰਕਾਰ ਦਾ ਕੋਈ ਵਿਸ਼ੇਸ਼ ਕਾਨੂੰਨ ਹੈ; ਜੇਕਰ ਨਹੀਂ ਤਾਂ ਕੀ ਅਜਿਹਾ ਕੋਈ ਕਾਨੂੰਨ ਬਣਾਉਣ ਦਾ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਅਜਿਹਾ ਕਾਨੂੰਨ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

---

## ਪ੍ਰਹਾਹੁਣਚਾਰੀ ਵਿਭਾਗ ਵਿੱਚ ਠੇਕੇ ਤੇ ਭਰਤੀ ਕੀਤੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨਾ

***906. (ਸੀ.ਯੂ.) ਸ਼੍ਰੀ ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ.:-** ਕੀ ਪ੍ਰਾਹੁਣਚਾਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪ੍ਰਾਹੁਣਚਾਰੀ ਵਿਭਾਗ ਵਿੱਚ ਦਰਜਾ ਤਿੰਨ ਅਤੇ ਚਾਰ ਦੇ ਕਿੰਨੇ-ਕਿੰਨੇ ਕਰਮਚਾਰੀ ਕਦੋਂ-2 ਠੇਕੇ ਤੇ ਭਰਤੀ ਕੀਤੇ ਗਏ ਹਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾਂ ਕਿੰਨੀ-ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ;

**ਅ)** ਕੀ ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ, ਭਵਿੱਖ ਵਿੱਚ ਠੇਕੇ ਤੇ ਭਰਤੀ ਪੱਕੇ ਤੌਰ ਤੇ ਬੰਦ ਕਰਨ ਅਤੇ ਰੈਗੂਲਰ ਭਰਤੀ ਸ਼ੁਰੂ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਰਕ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ੲ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਰਮਚਾਰੀਆਂ ਦੀ ਭਰਤੀ ਵਿੱਚ ਲੋੜੀਂਦੀ ਸੰਵਿਧਾਨਿਕ ਰਿਜਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਸਮੇਂ ਦੇ ਅੰਦਰ ਕੀਤੀ ਗਈ ਕੁੱਲ ਭਰਤੀ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਦਰਸਾਉਂਦਾ ਵਿਰਣ ਮੁਹੱਈਆ ਕਰਵਾਇਆ ਜਾਵੇ; ਜੇਕਰ ਨਹੀਂ ਤਾਂ ਭਰਤੀ ਵਿੰਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ ਅਤੇ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਲਈ ਕਿਹੜੇ-ਕਿਹੜੇ ਅਧਿਕਾਰੀ ਜਿੰਮੇਂਵਾਰ ਹਨ ਅਤੇ ਅਜਿਹੇ ਅਧਿਕਾਰੀਆਂ ਖਿਲਾਫ ਸਰਕਾਰ ਨੇ ਕੀ ਕਾਰਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

## ਗੁਲਾਬੀ ਸੁੰਡੀ ਨਾਲ ਖਰਾਬ ਹੋਈ ਫਸਲ ਦਾ ਮੁਆਵਜ਼ਾ ਦੇਣਾ

***912. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਗੁਲਾਬੀ ਸੁੰਡੀ ਦੇ ਹਮਲੇ ਨਾਲ ਨਸ਼ਟ ਹੋਈ ਨਰਮੇ ਦੀ ਫਸਲ ਦੇ ਕੁੱਲ ਰਕਬੇ/ਏਕੜ ਦੀ ਸ਼ਨਾਖਤ ਕਰ ਲਈ ਹੈ; ਜੇਕਰ ਅਜਿਹਾ ਹੋਵੇ ਤਾਂ ਨੁਕਸਾਨ ਲਈ ਮੁਆਵਜ਼ਾ ਦੇਣ ਦੀਆਂ ਕੀ ਯੋਜਨਵਾਂ ਹਨ ਅਤੇ ਨਰਮੇ ਦੀ ਖੇਤੀਬਾੜੀ ਕਰਨ ਵਾਲੇ ਕਿਸਾਨਾਂ ਨੂੰ ਕਦੋਂ ਤੱਕ ਮੁਆਵਜ਼ਾ ਮਿਲਣ ਦੀ ਸੰਭਾਵਨਾ ਹੈ?

## ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਦੇ ਪੈਂਡਿੰਗ ਕੇਸਾਂ ਦੇ ਵੇਰਵੇ

***913. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਕੋਲ ਕਿੰਨੇ ਕੇਸ ਪੈਡਿੰਗ ਹਨ ਅਤੇ ਕਦੋਂ ਤੋਂ ;ਕੀ ਇਹ ਠੀਕ ਹੈ ਕਿ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਦਾ ਅਹੁਦਾ ਪਿਛਲੇ ਦੋ ਸਾਲਾਂ ਤੋਂ ਖਾਲੀ ਹੈ; ਅਨੁਸੂਚਿਤ ਜਾਤੀ ਕਮਿਸ਼ਨ ਦੇ ਕਿੰਨੇ ਮੈਂਬਰ ਹਨ ਅਤੇ ਕਿੰਨੇ ਅਹੁੱਦੇ ਖਾਲੀ ਹਨ?

**ਮਿਤੀ 1 ਅਪ੍ਰੈਲ 2022 ਤੋਂ ਪੰਚਾਇਤ ਵਿਭਾਗ ਵੱਲੋਂ ਛੁੱਡਵਾਈਆਂ ਪੰਚਾਇਤੀ ਜਮੀਨਾਂ ਦੇ ਵੇਰਵੇ**

*918. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਿਤੀ 1 ਅਪ੍ਰੈਲ, 2022 ਤੋਂ ਲੈ ਕੇ ਹੁਣ ਤੱਕ ਪੰਚਾਇਤ ਵਿਭਾਗ ਵੱਲੋਂ ਕਿੰਨੇ ਪਿੰਡਾਂ ਦੀਆਂ ਕਿੰਨੀਆਂ ਪੰਚਾਇਤੀ ਜਮੀਨਾਂ ਛੁਡਵਾਈਆਂ ਗਈਆਂ ਦੇ ਜਿਲ੍ਹਾ-ਵਾਰ ਵੇਰਵੇ ਕੀ ਹਨ;

**ਅ)** ਪੰਚਾਇਤੀ ਜਮੀਨਾਂ ਛੁਡਵਾਉਣ ਲਈ ਸਰਕਾਰ ਵੱਲੋਂ ਅਖਤਿਆਰ ਕੀਤੀ ਗਈ ਨੀਤੀ ਦੇ ਵੇਰਵੇ ਕੀ ਹਨ ਅਤੇ ਕਿੰਨੇ ਵਿਅਕਤੀਆਂ ਤੋਂ ਅਜਿਹੀਆਂ ਪੰਚਾਇਤੀ ਜਮੀਨਾਂ ਛੁਡਵਾਈਆਂ ਗਈਆਂ ; ਵੇਰਵੇ ਸਹਿਤ ਦੱਸਿਆ ਜਾਵੇ?

**ਮਾਰਚ 2022 ਤੋਂ ਹੁਣ ਤੱਕ ਬਣਾਏ ਗਏ ਮੁਹੱਲਾ ਕਲੀਨਿਕਾਂ ਦੇ ਵੇਰਵੇ**

*919. (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਾਰਚ, 2022 ਤੋਂ ਹੁਣ ਤੱਕ ਪੰਜਾਬ ਵਿੱਚ ਕਿੰਨੇ ਮੁਹੱਲਾ ਕਲੀਨਿਕ ਬਣਾਏ ਗਏ;

**ਅ)** ਉਪਰੋਕਤ ਮੁਹੱਲਾ ਕਲੀਨਿਕਾਂ ਵਿੱਚ ਹੁਣ ਤੱਕ ਕਿੰਨੇ ਨਵੇਂ ਡਾਕਟਰ ਇਨ੍ਹਾਂ ਕਲੀਨਿਕਾਂ ਦਾ ਪ੍ਰਬੰਧਨ ਚਲਾਉਣ ਲਈ ਭਰਤੀ ਕੀਤੇ ਗਏ?

---

## **ਮਾਰਚ 2022 ਤੋਂ ਹੁਣ ਤੱਕ ਝੋਨੇ ਦੀ ਪਰਾਲੀ ਲਈ ਕੀਤੇ ਪ੍ਰਬੰਧਾਂ ਦੇ ਵੇਰਵੇ**

*920. (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ.:- ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ;-

**ੳ)** ਮਾਰਚ, 2022 ਤੋਂ ਹੁਣ ਤੱਕ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਕਿੰਨੇ ਰਾਖਵੇਂ ਫੰਡ ਰੱਖੇ ਗਏ ਹਨ;

ਅ) ਇਸ ਸਮੇਂ ਦੌਰਾਨ ਕਿੰਨੀ ਰਾਸ਼ੀ ਇਸ ਪ੍ਰਬੰਧਨ ਲਈ ਕਿੱਥੇ-ਕਿੱਥੇ ਖਰਚੀ ਗਈ ; ਵੇਰਵੇ ਸਹਿਤ ਦੱਸਿਆ ਜਾਵੇ;

**ੲ)** ਇਸ ਉਪਰੋਕਤ ਸਮੇਂ ਦੌਰਾਨ ਕਿਸਾਨਾਂ ਤੱਕ ਕਿੰਨੀਆਂ ਮਸ਼ੀਨਾਂ ਇਸ ਪ੍ਰਬੰਧਨ ਲਈ ਸਰਕਾਰ ਦੁਆਰਾ ਦਿੱਤੀਆਂ ਗਈਆਂ ਹਨ ਅਤੇ ਕਿੱਥੇ ਦਿੱਤੀਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ?

## **ਰਾਜ ਦੇ ਫੋਕਲ ਪੁਆਇੰਟਸ/ਉਦਯੋਗਿਕ ਖੇਤਰ ਦੇ ਪਲਾਟ ਮਾਲਕਾਂ ਨੂੰ ਵਨ-ਟਾਈਮ ਸੈਟਲਮੈਂਟ ਸਕੀਮ ਅਧੀਨ ਲਿਆਉਣਾ**

*921. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਵੱਖ-ਵੱਖ ਫੋਕਲ ਪੁਆਇੰਟਸ/ਉਦਯੋਗਿਕ ਖੇਤਰ ਦੇ ਪਲਾਟ ਮਾਲਕਾਂ ਨੂੰ ਵਨ-ਟਾਈਮ ਸੈਟਲਮੈਂਟ (ੳ.ਟੀ.ਐਸ) ਸਕੀਮ ਅਧੀਨ ਲਿਆਉਣਾ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਹ ਪਾfਲਸੀ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

---

**ਟ੍ਰੇਨਿੰਗ ਲਈ ਵਿਦੇਸ਼ ਭੇਜੇ ਗਏ ਪ੍ਰਿੰਸੀਪਲਾਂ ਅਤੇ ਲੈਕਚਰਾਰਾਂ/ਅਧਿਕਾਪਕਾਂ ਦੇ ਵੇਰਵੇ**

*923. (ਸੀ.ਯੂ.) ਸਰਦਾਰ ਪ੍ਰਗਟ ਸਿੰਘ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਟ੍ਰੇਨਿੰਗ ਲਈ ਵਿਦੇਸ਼ ਭੇਜੇ ਗਏ ਪ੍ਰਿੰਸੀਪਲਾਂ ਅਤੇ ਲੈਕਚਰਾਰਾਂ/ਅਧਿਕਾਪਕਾਂ ਦੇ ਸ਼੍ਰੇਣੀ-ਵਾਰ ਵੇਰਵਿਆਂ ਸਮੇਤ ਕੁੱਲ ਗਿਣਤੀ ਕਿੰਨੀ ਹੈ ਅਤੇ ਮਾਰਚ 2022 ਤੋਂ ਸਰਕਾਰ ਦੁਆਰਾ ਇਨ੍ਹਾਂ ਦੇ ਦੋਰਿਆਂ/ਟ੍ਰੇਨਿੰਗ ਉਤੇ ਖਰਚ ਕੀਤੀ ਗਈ ਰਕਮ ਕਿੰਨੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

---

**ਚੰਡੀਗੜ੍ਹ :** **ਰਾਮ ਲੋਕ ਖਟਾਣਾ,**

**ਮਿਤੀ 06 ਫਰਵਰੀ, 2024** **ਸਕੱਤਰ,**

**ਪੰਜਾਬ ਵਿਧਾਨ ਸਭਾ।**